ਅੱਜ ਦੀ ਆਵਾਜ਼

ਦੇਸ਼ ਦੁਨੀਆ

ਵੀਰਵਾਰ, 10 ਜੂਨ 2010 8

# ਦੱਖਣੀ ਅਫਰੀਕਾ ਇੱਕ ਖੇਡ ਪ੍ਰੇਮੀ ਦੇਸ਼

ਦੱਖਣੀ ਅਫਰੀਕਾ, ਅਫਰੀਕਾ ਮਹਾਂਦੇਸ਼ ਦੇ ਦੱਖਣ ਵੱਲ ਸਥਿਤ ਹੈ ਇਸ ਦਾ ਖੇਤਰਫਲ 12.2 ਲੱਖ ਵਰਗ ਕਿਲੋਮੀਟਰ ਹੈ। ਉਤਰ 'ਚ ਇਸ ਦੀਆਂ ਸੀਮਾਂ ਨਾਮੀਬੀਆ, ਬੋਤਸਵਾਨਾ ਅਤੇ ਜਿੰਬਾਬਵੇ ਨਾਲ ਲੱਗਦੀਆਂ ਹਨ ਅਤੇ ਪੂਰਵ 'ਚ ਮੋਜਾਬਿੰਕ ਅਤੇ ਸਵਾਜ਼ੀਲੈਂਡ ਦੇ ਨਾਲ ਲੱਗਦੀਆਂ, ਜਦਕਿ ਲੇਸੋਥੋ ਇੱਕ ਇਸ ਤਰ੍ਹਾਂ ਦਾਸ ਦੇਸ਼ ਹੈ ਜਿਸ ਦੀਆਂ ਸਾਰੀਆਂ ਸੀਮਾਂ ਦੱਖਣੀ ਅਫਰੀਕਾ ਨਾਲ ਲੱਗਦੀਆਂ ਹਨ। ਦੱਖਣੀ ਅਫਰੀਕਾ 'ਚ ਨੌ ਰਾਜ ਹਨ। ਵਿਸ਼ਵ ਕੱਖ ਫੁੱਟਬਾਲ ਦੇ ਆਯੋਜਨ ਲਈ ਕੁੱਲ 10 ਸਟੇਡੀਅਮ ਚੁਣੇ ਅਤੇ ਬਣਾਏ ਗਏ ਹਨ ਜਿਹੜੇ ਤਿੰਨ ਸਟੇਡੀਅਮ ਗੌਤੇਂਗ 'ਚ ਸਥਿਤ ਹਨ ਜੋਹਾਨੇਸਬਰਗ ਦੇਸ਼ ਦਾ ਸਭ ਤੋਂ ਵੱਡਾ ਸ਼ਹਿਰ ਅਤੇ ਇਸ ਦੀ ਆਬਾਦੀ ਲਗਭਗ 90 ਲੱਖ ਹੈ। ਕੇਪ ਟਾਊਨ ਦੱਖਣ ਪੱਛਮ 'ਚ ਸਥਿਤ ਹੈ ਅਤੇ ਇਹ ਦੇਸ਼ ਦਾ ਸਭ ਤੋਂ ਵੱਡਾ ਸੈਰ ਸਪਾਟੇ ਵਾਲੀ ਜਗ੍ਹਾ ਹੈ। ਇੱਕ ਸੈਮੀਫਾਈਨਲ ਇੱਥੇ ਵੀ ਹੋਣਾ ਹੈ।

**ਖੇਡ ਦੀ ਤਿਆਰੀ** : ਵਿਸ਼ਵ ਕੱਪ ਫੁੱਟਬਾਲ ਦਾ ਆਗਾਜ਼ 11 ਜੂਨ ਤੋਂ ਦੱਖਣੀ ਅਫ਼ਰੀਕਾ 'ਚ ਹੋ ਰਿਹਾ ਹੈ, ਇਸ ਮੌਕੇ 'ਤੇ ਵਿਦੇਸ਼ੀ ਖਿਡਾਰੀਆਂ ਅਤੇ ਦਰਸ਼ਕਾਂ ਲਈ ਚੰਗੀ ਤੋਂ ਚੰਗੀ ਸੁਵਿਧਾ ਪ੍ਰਦਾਨ ਕਰਨ ਲਈ ਜਬਰਦਸਤ ਤਿਆਰੀਆਂ ਕੀਤੀਆਂ ਗਈਆਂ ਹਨ। ਵਿਸ਼ਵ ਕੱਪ ਫੁੱਟਬਾਲ ਦੀ ਮੇਜ਼ਬਾਨੀ ਕਰਨਾ ਦੱਖਣੀ ਅਫ਼ਰੀਕਾ ਲਈ ਇੱਕ ਵੱਡੀ ਉਪਲਬੱਧੀ ਹੈ ਅਤੇ ਇਸ ਆਯੋਜਨ ਨੂੰ ਦੱਖਣੀ ਅਫਰੀਕਾ ਨੂੰ ਦੁਨੀਆਂ ਦੇ ਸਾਹਮਣੇ ਦਿਖਾਉਣ ਦਾ ਇੱਕ ਅਹਿਮ ਮੌਕਾ ਮਿਲ ਰਿਹਾ ਹੈ। ਇਸ ਲਈ ਜਿਨ੍ਹਾਂ ਸ਼ਹਿਰਾਂ 'ਚ ਮੈਚ ਹੋਣੇ ਹਨ ਉਨ੍ਹਾਂ ਨੂੰ ਦੁਲਹਨ ਦੀ ਤਰ੍ਹਾਂ ਸਜਾਇਆ ਗਿਆ ਹੈ। ਖੇਡ ਦੇ ਆਯੋਜਨ ਲਈ ਸਰਕਾਰ ਨੇ ਪੰਜ ਨਵੇਂ ਸਟੇਡੀਅਮ ਬਣਾਏ ਹਨ ਜਦਕਿ ਪੰਜ ਦਾ ਸੌਂਦਰੀਕਰਨ ਕੀਤਾ ਗਿਆ ਹੈ। ਜੋਹਾਨੇਸਬਰਗ 'ਚ 90 ਹਜ਼ਾਰ ਸੀਟਾਂ ਵਾਲੇ ਖੇਡ ਪਿੰਡ ਦਾ ਨਿਰਮਾਣ ਕੀਤਾ ਗਿਆ ਹੈ। ਅੱਤਵਾਦੀ ਹਮਲੇ ਦੇ ਮੱਦੇਨਜ਼ਰ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਗਏ ਹਨ। 40 ਹਜ਼ਾਰ ਤੋਂ ਜ਼ਿਆਦਾ ਪੁਲਿਸ ਬਲਾਂ ਨੂੰ ਲਾਇਆ ਗਿਆ ਹੈ ਅਤੇ ਕਰੋੜਾਂ ਰੁਪਏ ਖਰਚ ਕਰਕੇ ਪੁਲਿਸ ਦੇ ਇਸਤੇਮਾਲ 'ਚ ਆਉਣ ਵਾਲੇ ਉਪਕਰਨ ਵੀ ਖਰੀਦੇ ਗਏ ਹਨ। ਦੱਖਣੀ ਅਫਰੀਕਾ ਦੇ ਲੋਕ ਖੇਡ ਦੇ ਬਹੁਤ ਪ੍ਰੇਮੀ ਹਨ ਅਤੇ ਉਨ੍ਹਾਂ ਦਾ ਫੁੱਟਬਾਲ 'ਤੇ ਪਾਗਲਪਨ ਸਵਾਰ ਰਹਿੰਦਾ ਹੈ ਇਹ ਲੋਕ ਕ੍ਰਿਕਟ ਦੇ ਵੀ ਬਹੁਤ ਸ਼ੌਕੀਨ ਹਨ। ਜਿੱਥੇ ਤੱਕ ਕ੍ਰਿਕਟ ਦਾ ਸਵਾਲ ਹੈ ਤਾਂ ਕ੍ਰਿਕਟ ਟੀਮ ਨੇ ਕਦੀ ਵਿਸ਼ਵ ਕੱਪ ਨਹੀਂ ਜਿੱਤਿਆ ਪਰ ਇੱਕ ਵਾਰ ਵਿਸ਼ਵ ਰੈਂਕਿੰਗ 'ਚ ਪਹਿਲੇ ਸਥਾਨ 'ਤੇ ਰਹਿ ਚੁੱਕੀ ਹੈ। ਫੁੱਟਬਾਲ ਦੇ ਦੀਵਾਨਿਆ ਦੇ ਇਸ ਦੇਸ਼ 'ਚ ਫੁੱਟਬਾਲ ਦੀ ਟੀਮ ਨੂੰ ਪਿਆਰ ਨਾਲ ਬਾਫ਼ਨਾ-ਬਾਫ਼ਨਾ ਮਤਲਬ ਲੜਕੋਂ ਕਿਹਾ ਜਾਂਦਾ ਹੈ।

**ਅਰਥ ਵਿਵਸਥਾ** : ਸਾਲ 2009 ਦੇ ਅੰਤ ਤੱਕ ਦੇਸ਼ ਦੀ ਸ਼ਕਲ ਘਰੇਲੂ ਉਤਪਾਦ 2.4 ਟ੍ਰਿਲਿਅਨ ਰੈਂਡ ਮਤਲਬ 320 ਮਿਲਿਅਨ ਡਾਲਰ ਸੀ। ਦੇਸ਼ ਦੀ ਅਰਥਵਿਵਸਥਾ ਪਿਛਲੇ 17 ਸਾਲ 'ਚ ਪਹਿਲੀ ਵਾਰ 2009 ਨੂੰ ਤੀਸਰੀ ਤਿਮਾਹੀ 'ਚ ਮੰਦੀ ਦਾ ਸ਼ਿਕਾਰ ਹੋਈ। ਪਿਛਲੇ ਪੰਜ ਸਾਲ 'ਚ ਵਿਕਾਸ ਦਰ ਪੰਜ ਪ੍ਰਤੀਸ਼ਤ ਰਹੀ ਹੈ ਅਤੇ ਪਿਛਲੇ ਸਾਲ ਅਰਥਵਿਵਸਥਾ 1.8 ਪ੍ਰਤੀਸ਼ਤ ਨੋਟ ਕੀਤੀ ਗਈ।

**ਪ੍ਰਮੁੱਖ ਸਮੱਸਿਆਵਾਂ** : ਏਡਜ਼-ਇੱਕ ਅਨੁਮਾਨ ਦੇ ਅਨੁਸਾਰ ਦੱਖਣੀ ਅਫ਼ਰੀਕਾ 'ਚ 50 ਲੱਖ ਤੋਂ ਜ਼ਿਆਦਾ ਲੋਕ ਏਡਜ਼ ਦੇ ਗੰਭੀਰ ਰੋਗ ਗ੍ਰਸਤ ਹਨ।

**ਗਰੀਬੀ** : ਮਨੁੱਖਾਂ ਦੀ ਔਸਤ ਉਮਰ 53.5 ਸਾਲ ਹੈ ਜਦਕਿ ਔਰਤਾਂ ਦੀ 57 ਸਾਲ ਹੈ ਸੰਯੁਕਤ ਰਾਸ਼ਟਰ ਦੇ ਮਾਨਵ ਵਿਕਾਸ ਸੂਚਕ ਅੰਕ 'ਚ ਦੱਖਣੀ ਅਫ਼ਰੀਕਾ ਦਾ ਸਥਾਨ 129ਵਾਂ ਹੈ।

**ਅਪਰਾਧ** : ਦੱਖਣੀ ਅਫ਼ਰੀਕਾ ਦੁਨੀਆਂ ਦੇ ਉਨ੍ਹਾਂ ਦੇਸ਼ਾਂ 'ਚੋਂ ਹੈ ਜਿੱਥੇ ਬਲਾਤਕਾਰ ਅਤੇ ਹੱਤਿਆ ਦੇ ਮਾਮਲੇ ਸਭ ਤੋਂ ਜ਼ਿਆਦਾ ਸਾਹਮਣੇ ਆਉਂਦੇ ਹਨ ਸਾਲ 2008-09 'ਚ ਦੱਖਣੀ ਅਫ਼ਰੀਕਾ 'ਚ 18, 143 ਹੱਤਿਆਵਾਂ ਅਤੇ 35,000 ਬਲਾਤਕਾਰ ਦੇ ਮਾਮਲੇ ਸਾਹਮਣੇ ਆਏ।



# ਵਿਸ਼ਵ ਕੱਪ ਫੁੱਟਬਾਲ ਇਤਿਹਾਸ ਦੇ ਪੰਨਿਆਂ 'ਚੋਂ

## ਬ੍ਰਜ਼ੀਲ ਦਾ ਰਿਹਾ ਦਬਦਬਾ

ਆਉਣ ਵਾਲੀ 11 ਜੂਨ ਤੋਂ ਦੱਖਣੀ ਅਫ਼ਰੀਕਾ 'ਚ ਫੁੱਟਬਾਲ ਮਹਾਂਕੁੰਭ ਦਾ ਆਯੋਜਨ ਹੋਣ ਜਾ ਰਿਹਾ ਹੈ। ਵਿਸ਼ਵ ਦੇ ਸਭ ਤੋਂ ਪਸੰਦ ਕੀਤੇ ਜਾਣ ਵਾਲੇ ਖੇਡਾਂ 'ਚ ਫੁੱਟਬਾਲ ਦਾ ਜਾਦੂ ਵਿਸ਼ਵ 'ਤੇ ਛਾਇਆ ਹੋਇਆ ਹੈ। ਇਤਿਹਾਸ ਦੇ ਪੰਨਿਆਂ 'ਚ ਹੁਣ ਤੱਕ ਸਭ ਤੋਂ ਜ਼ਿਆਦਾ ਪੰਜ ਵਾਰ ਖਿਤਾਬ ਬ੍ਰਾਜ਼ੀਲ ਦੀ ਟੀਮ ਜਿੱਤ ਚੁੱਕੀ ਹੈ। ਇਟਲੀ ਚਾਰ ਵਾਰ, ਜਰਮਨੀ ਤਿੰਨ ਵਾਰ, ਅਰਜਨਟੀਨਾ ਅਤੇ ਉਰਗਵੇ ਦੋ ਦੋ ਵਾਰ ਇਹ ਟਰੌਫੀ ਜਿੱਤ ਚੁੱਕੀ ਹੈ। ਫਰਾਂਸ ਅਤੇ ਇੰਗਲੈਂਡ ਨੂੰ ਵੀ ਇੱਕ-ਇੱਕ ਵਾਰ ਕਾਮਯਾਬੀ ਮਿਲੀ ਹੈ। 1930 ਤੋਂ ਸ਼ੁਰੂ ਹੋਏ ਸਫ਼ਰ 'ਚ ਕੌਣ ਕਦ ਰਿਹਾ ਵਿਜੈਤਾ ਅਤੇ ਕਿਉਂ ਰਹੀ ਹਾਰ ਵਿਸ਼ਵ ਕੱਪ ਦੀਆਂ ਖਾਸਿਅਤਾਂ।



## 1970 : ਬ੍ਰਾਜ਼ੀਲ ਨੇ ਲਗਾਈ ਹਗੱਟ੍ਰਿਕ

ਪਹਿਲੀ ਵਾਰ ਉਤਰੀ ਅਮਰੀਕਾ ਨੂੰ ਮੇਜ਼ਬਾਨੀ ਮਿਲੀ ਅਤੇ ਪਹਿਲੀ ਵਾਰ ਹੀ ਕੋਈ ਵਿਸ਼ਵ ਕੱਪ ਦੱਖਣੀ ਅਮਰੀਕਾ ਅਤੇ ਯੂਰਪ ਤੋਂ ਬਾਹਰ ਹੋਇਆ। ਬ੍ਰਾਜ਼ੀਲ ਦੀ ਟੀਮ ਨੇ ਇਟਲੀ ਨੂੰ 4-1 ਨਾਲ ਹਰਾ ਕੇ ਆਪਣੇ ਖਿਤਾਬ ਦੀ ਹੈਟ੍ਰਿਕ ਕੀਤੀ। ਬ੍ਰਾਜ਼ੀਲ ਦੀ ਟੀਮ 'ਚ ਪੇਲੇ, ਕਾਰਲਸ ਅਲਬਰਟ, ਕਲੋਰਡੋਆਲਡੋ, ਗੇਰਸਨ ਰਾਇਵਲਿਨੋ ਅਤੇ ਟੋਸਟਾਓ ਸ਼ਾਮਲ ਸਨ। ਇਸੇ ਵਿਸ਼ਵ ਕੱਪ ਦੀ ਸਭ ਤੋਂ ਖ਼ਤਰਨਾਕ ਟੀਮ ਦੀ ਦੱਸੀ ਗਈ ਸੀ। ਬ੍ਰਾਜ਼ੀਲ ਨੇ ਆਪਣੇ ਸਾਰੇ 6 ਮੈਚ ਜਿੱਤੇ ਕਵਾਲੀਫਾਈ ਮੈਚਾਂ 'ਚ ਵੀ ਉਹ ਵਿਜੈਤਾ ਰਹੀ ਸੀ। ਬ੍ਰਾਜ਼ੀਲ ਦੀ ਟੀਮ ਉਰਗਵੇ ਨੂੰ 3-1 ਅਤੇ ਇਟਲੀ ਦੀ ਟੀਮ ਪੱਛਮੀ ਜਰਮਨੀ ਨੂੰ ਹਰਾ ਕੇ ਫਾਇਨਲ 'ਚ ਪਹੁੰਚੀ ਸੀ। ਬਾਅਦ 'ਚ ਪੱਛਮੀ ਜਰਮਨੀ ਨੇ ਉਰਗਵੇ ਨੂੰ ਇੱਕ ਮਾਤਰ ਗੋਲ ਨਾਲ ਹਰਾ ਕੇ ਤੀਸਰਾ ਸਥਾਨ ਹਾਸਲ ਕੀਤਾ ਸੀ।

## 1974 : ਰਾਸ ਆਈ ਪੱਛਮੀ ਜਰਮਨੀ ਨੂੰ ਮੇਜ਼ਬਾਨੀ

ਪੱਛਮੀ ਜਰਮਨੀ ਦੇ ਦਸਵੇਂ ਵਿਸ਼ਵ ਕੱਪ ਦੀ ਮੇਜ਼ਬਾਨੀ ਮਿਲੀ। ਨਵੇਂ ਡਿਜ਼ਾਇਨ ਵਾਲੀ ਫੀਫਾ ਵਿਸ਼ਵ ਕੱਪ ਟਰਾਫੀ ਪੇਸ਼ ਕੀਤੀ ਗਈ। ਇਸ 'ਚ ਇਟਲੀ ਦੇ ਸ਼ਿਲਪਕਾਰ ਸਿਲਵਿਆ ਗਾਜ਼ਾਨਿਗਾ ਨੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਪਿਛਲੀ ਜੂਲੀਅਸ ਰਿਮੇਟ ਟਰਾਫੀ ਪਿਛਲੇ ਵਿਸ਼ਵ ਕੰਪ 'ਚ ਤੀਸਰਾ ਖਿਤਾਬ ਜਿੱਤਣ ਵਾਲੀ ਬ੍ਰਾਜ਼ੀਲ ਟੀਮ ਨੂੰ ਸਥਾਈ ਰੂਪ ਨਾਲ ਦੇ ਦਿੱਤੀ ਗਈ। ਆਪਣੀ ਮੇਜ਼ਾਬਾਨੀ ਪੱਛਮੀ ਜਰਮਨੀ ਨੂੰ ਰਾਸ ਆਈ ਅਤੇ ਉਸ ਨੇ ਨੀਦਰਲੈਂਡ ਨੂੰ 2-1 ਨਾਲ ਹਰਾ ਕੇ ਖਿਤਾਬ 'ਤੇ ਕਬਜ਼ਾ ਕਰ ਲਿਆ।

## 1978 : ਅਰਜਨਟੀਨਾ ਨੂੰ ਮਿਲੀ ਕਾਮਯਾਬੀ

ਮੇਜ਼ਬਾਨ ਅਰਜਨਟੀਨਾ ਨੇ ਪਹਿਲੀ ਵਾਰ ਵਿਸ਼ਵ ਕੱਪ ਜਿੱਤਣ ਦਾ ਗੌਰਵ ਹਾਸਲਕੀਤਾ। ਉਸ ਨੇ ਫਾਇਨਲ 'ਚ ਨੀਦਰਲੈਂਡ ਨੂੰ 3-1 ਨਾਲ ਹਰਾਇਆ। ਨੀਦਰਲੈਂਡ ਦੀ ਟੀਮ ਨੂੰ ਲਗਾਤਾਰ ਦੂਸਰੀ ਵਾਰ ਫਾਇਨਲ 'ਚ ਹਾਰ ਦਾ ਸਾਹਮਣਾ ਕਰਨਾ ਪਿਆ। ਅਰਜਨਟੀਨਾ ਦੀ ਜਿੱਤ ਨੇ ਹੀਰੋ ਮਾਰੀਅਓ ਕੈਂਪਸ ਰਹੇ ਜਿਨ੍ਹਾਂ ਨੇ ਫਾਇਨਲ 'ਚ ਦੋ ਗੋਲ ਕੀਤੇ ਅਤੇ ਉਨ੍ਹਾਂ ਨੂੰ ਗੋਲਡ ਬੂਟ ਜਿੱਤਣ 'ਚ ਵੀ ਕਾਮਯਾਬੀ ਮਿਲੀ। ਅਰਜਨਟੀਨਾ ਦੀ ਟੀਮ ਇਸ ਤਰ੍ਹਾਂ ਦੀ ਪੰਜਵੀਂ ਮੇਜ਼ਬਾਨ ਟੀਮ ਬਣੀ ਜਿਸ ਨੇ ਵਿਸ਼ਵ ਕੱਪ ਜਿੱਤਿਆ। ਇਸ ਤੋਂ ਪਹਿਲਾਂ ਉਰਗਵੇ, ਇਟਲੀ, ਇੰਗਲੈਂਡ ਅਤੇ ਪੱਛਮੀ ਜਰਮਨੀ ਦੀਆ ਟੀਮਾਂ ਵੀ ਆਪਣੀ ਮੇਜ਼ਬਾਨੀ 'ਚ ਖਿਤਾਬ ਜਿੱਤ ਚੁੱਕੀਆਂ ਹਨ। ਅਸਲ 'ਚ ਅਰਜਨਟੀਨਾ ਨੂੰ 1970 ਦੀ ਮੇਜ਼ਬਾਨੀ ਮਿਲੀ ਸੀ ਪਰ 1968 ਦੇ ਓਲੰਪਿਕ ਦਾ ਆਯੋਜਨ ਮੈਕਸੀਕੋ ਸਿਟੀ 'ਚ ਹੋਣਾ ਸੀ ਅਤੇ ਉਸ ਨੇ ਨਵੇਂ ਫੁੱਟਬਾਲ ਸਟੇਡੀਅਮ ਬਣਾਇਆ ਸੀ ਇਸ ਲਈ 1970 'ਚ ਮੈਕਸੀਕੋ ਨੂੰ ਵਿਸ਼ਵ ਕੱਪ ਆਯੋਜਨ ਦਾ ਮੌਕਾ ਮਿਲ ਗਿਆ ਸੀ। ਫੁੱਟਬਾਲ ਮਹਾਂਕੁੰਭ ਦੇ ਇਸ 11ਵੇਂ ਭੇੜ 'ਚ ਬ੍ਰਾਜ਼ੀਲ ਨੇ ਇਟਲੀ ਨੂੰ 2-1 ਨਾਲ ਹਰਾ ਕੇ ਤੀਸਰਾ ਸਥਾਨ ਹਾਸਲ ਕੀਤਾ।

## 1982 : ਇਟਲੀ ਰਿਹਾ ਵਿਜੈਤਾ

ਇਸ ਵਿਸ਼ਵ ਕੱਪ 'ਚ ਇਟੀ ਦੀ ਟੀਮ ਪੱਛਮੀ ਜਰਮਨੀ ਨੂੰ 3-1 ਨਾਲ ਹਰਾ ਕੇ ਖਿਤਾਬ ਜਿੱਤਿਆ। ਇਸ ਜਿੱਤ ਦੇ ਨਾਲ ਉਸ ਨੇ ਬ੍ਰਾਜ਼ੀਲ ਦੇ ਤਿੰਨ ਖਿਤਾਬ ਜਿੱਤਣ ਦੇ ਰਿਕਾਰਡ ਦੀ ਬਰਾਬਰੀ ਵੀ ਕਰ ਲਈ। ਤੀਸਰਾ ਸਥਾਨ ਪੋਲੈਂਡ ਨੂੰ ਮਿਲਿਆ। ਇਸ ਵਾਰ ਵਿਸ਼ਵ ਕੱਪ 'ਚ 24 ਟੀਮਾਂ ਨੇ ਹਿੱਸਾ ਲਿਆ। ਪਿਛਲੇ ਵਿਸ਼ਵ ਕੱਪ 'ਚ ਅੱਠ ਟੀਮਾਂ ਜ਼ਿਆਦਾ ਸਨ। ਇੰਗਲੈਂਡ, ਬੈਲਜ਼ੀਅਮ ਅਤੇ ਸੋਵੀਅਤ ਸੰਘ ਦੀ ਟੀਮ 12 ਸਾਲ ਦੇ ਬਾਅਦ ਵਾਪਸ ਆਈ ਸੀ। ਇਸ ਤਰ੍ਹਾਂ ਪਿਛਲੇ ਵਿਸ਼ਵ ਕੱਪ 'ਚ ਖੇਡਣ ਤੋਂ ਖੁੰਝ ਗਈ ਯੁਗੋਸਲਵੋਕੀਆ ਦੀ ਟੀਮ ਦੀ ਵੀ ਵਾਪਸੀ ਹੋਈ। ਅਲਜੀਰੀਆ, ਕੈਮਰੂਨ, ਹੈਂਡੂਰਸ, ਕੁਵੈਤ ਅਤੇ ਨਿਊਜ਼ੀਲੈਂਡ ਨੇ ਪਹਿਲੀ ਵਾਰ ਸ਼ਿਰਕਤ ਕੀਤੀ।

## 1986 ਮੈਰਾਡੋਨਾ ਦਾ ਕਮਾਲ

ਅਰਜਨਟੀਨਾ ਦੇ ਕ੍ਰਿਸ਼ਮਈ ਖਿਡਾਰੀ ਡਿਓਗੋ ਮੈਰਾਡੋਨਾ ਦੇ ਕਾਰਨ ਚਰਚਿਤ 13ਵੇਂ ਵਿਸ਼ਵ ਕੱਪ ਦਾ ਆਯੋਜਨ 31 ਮਈ ਤੋਂ 29 ਜੂਨ ਤੱਕ ਮੈਕਸੀਕੋ 'ਚ ਕੀਤਾ ਗਿਆ। ਹਾਲਾਂਕਿ ਇਸ ਵਿਸ਼ਵ ਕੱਪ ਦੀ ਮੇਜ਼ਬਾਨੀ ਪਹਿਲਾਂ ਕੋਲੰਬੀਆ ਨੂੰ ਦਿੱਤੀ ਗਈ ਸੀ, ਪਰ ਆਰਥਿਕ ਕਾਰਨਾ ਕਰਕੇ ਉਸ ਨੇ ਮੇਜ਼ਬਾਨੀ ਤੋਂ ਨਾਮ ਵਾਪਸ ਲੈ ਲਿਆ। ਇਸ ਦੇ ਬਾਅ 1983 'ਚ ਇਸ ਦੀ ਮੇਜ਼ਬਾਨੀ ਮੈਕਸੀਕੋ ਨੂੰ ਦਿੱਤੀ ਗਈ। ਇਸ 'ਚ ਵੀ ਪਿਛਲੇ ਵਿਸ਼ਕ ਕੱਪ ਦੀ ਤਰ੍ਹਾਂ 24 ਟੀਮਾਂ ਨੇ ਭਾਗ ਲਿਆ, ਪਰ ਇਸ ਵਾਰ ਦੂਸਰੇ ਦੌਰ ਤੋਂ ਹੀ ਨਾਕ ਆਊਟ ਆਧਾਰ 'ਤੇ ਮੁਕਾਬਲੇ ਹੋਏ ਡਿਓਗੋ ਮੈਰਾਡੋਨਾ ਦੀ ਅਗਵਾਈ 'ਚ ਅਰਜਨਟੀਨਾ ਨੇ 1978 ਦੇ ਬਾਅਦ ਦੂਸਰੀ ਵਾਰ ਵਿਸ਼ਵ ਕੱਪ 'ਤੇ ਕਬਜ਼ਾ ਕੀਤਾ। ਫਾਈਨਲ 'ਚ ਅਰਜਨਟੀਨਾ ਨੇ ਪੱਛਮੀ ਜਰਮਨੀ ਨੂੰ 3-2 ਨਾਲ ਹਰਾ ਕੇ ਖਿਤਾਬ 'ਤੇ ਕਬਜਾ ਕੀਤਾ।






## 1990: ਪੱਛਮ ਜਰਮਨੀ ਨੇ ਜਿੱਤਿਆ ਖਿਤਾਬ

ਪੱਛਮ ਜਰਮਨੀ ਨੇ ਪਿਛਲੇ ਵਿਸ਼ਵ ਕੱਪ ਦੇ ਫਾਈਨਲ 'ਚ ਅਰਜਨਟੀਨਾ ਕੋਲੋਂ ਮਿਲੀ ਹਾਰ ਦਾ ਬਦਲਾ ਲੈਣ ਲਈ ਖਿਤਾਬ 'ਤੇ ਕਬਜ਼ਾ ਕੀਤਾ। ਪੱਛਮ ਜਰਮਨੀ ਨੇ ਫਾਈਨਲ ਵਿੱਚ ਅਰਜਨਟੀਨਾ ਨੂੰ 1-0 ਨਾਲ ਹਰਾ ਕੇ ਤੀਸਰੀ ਵਾਰ ਵਿਸ਼ਵ ਕੱਪ 'ਤੇ ਕਬਜ਼ਾ ਕੀਤਾ। ਹਾਲਾਂਕਿ ਖੇਡ ਕੌਸ਼ਲ ਦੇ ਲਿਹਾਜ ਨਾਲ ਇਸ ਵਿਸ਼ਵ ਕੱਪ ਨੂੰ ਸਭ ਤੋਂ ਖਰਾਬ ਕਰਾਰ ਦਿੱਤਾ ਗਿਆ ਕਿਉਂਕਿ ਸਭ ਤੋਂ ਘੱਟ ਗੋਲ ਔਸਤ ਦਾ ਰਿਕਾਰਡ ਬਣਾਉਣ ਦੇ ਇਲਾਵਾ ਰਿਕਾਰਡ 16 ਖਿਡਾਰੀਆਂ ਨੂੰ ਰੈੱਡ ਕਾਰਡ ਦਿਖਾਇਆ ਗਿਆ। ਇਹ ਹੀ ਨਹੀਂ ਪਹਿਲੀ ਵਾਰ ਫਾਈਨਲ ਵਿੱਚ ਇੱਕ ਖਿਡਾਰੀ ਨੂੰ ਮੈਦਾਨ ਤੋਂ ਬਾਹਰ ਕੀਤਾ ਗਿਆ। ਪੱਛਮ ਜਰਮਨੀ ਦੇ ਕੋਚ ਫਰੈਂਜ ਬੇਕਨਵਾਉਰ ਦੇ ਨਾਮ ਇੱਕ ਉਪਲੱਬਧੀ ਦਰਜ ਹੋਏ ਜਦੋਂ ਉਹ ਖਿਡਾਰੀ ਅਤੇ ਕੋਚ ਦੇ ਰੂਪ ਵਿੱਚ ਵਿਸ਼ਵ ਕੱਪ ਜਿੱਤਣ ਵਾਲੀ ਦੂਜੀ ਹਸਤੀ ਬਣੇ।

## 1994: ਬ੍ਰਾਜੀਲ ਫ਼ਿਰ ਬਣਿਆ ਚੈਂਪੀਅਨ

ਅਮਰੀਕਾ ਨੇ 17 ਜੂਨ ਤੋਂ 17 ਜੁਲਾਈ ਤੱਕ ਸਭ ਤੋਂ ਸਭ ਤੋਂ ਸਫ਼ਲ ਵਿਸ਼੍ਵ ਕੱਪ ਦਾ ਆਯੋਜਨ ਕੀਤਾ। ਫਾਈਲ ਵਿੱਚ ਬ੍ਰਾਜੀਲ ਨੇ ਪੈਨਲਟੀ ਸ਼ੁਟਆਊਟ ਵਿੱਚ ਇਟਲੀ ਨੂੰ 3-2 ਨਾਲ ਹਰਾ ਕੇ ਖਿਤਾਬ 'ਤੇ ਕਬਜ਼ਾ ਕੀਤਾ। ਬ੍ਰਾਜੀਲ ਚੌਥੀ ਵਾਰ ਵਿਸ਼ਵ ਕੱਪ ਜਿੱਤਣ ਵਾਲਾ ਪਹਿਲਾ ਦੇਸ਼ ਬਣਿਆ। ਇਸ ਦੌਰਾਨ 1986 ਵਿਸ਼ਵ ਕੱਪ ਦੇ ਹੀਰੋ ਡਿਏਗੋ ਮੈਰਾਡੋਨਾ ਡ੍ਰਗਸ ਸੇਵਨ ਦੇ ਦੋਸ਼ੀ ਪਾਏ ਗਏ ਅਤੇ ਉਨ੍ਹਾਂ ਨੂੰ ਵਿਸ਼ਵ ਕੱਪ ਤੋਂ ਬਾਹਰ ਕਰ ਦਿੱਤਾ ਗਿਆ। ਬੁਲਗਾਰੀਆ ਨੇ ਜਰਮਨੀ ਨੂੰ ਹਰਾਉਂਦੇ ਹੋਏ ਵਿਸ਼ਵ ਕੱਪ ਦਾ ਸਭ ਤੋਂ ਵੱਡਾ ਉਲਟਫੇਰ ਕੀਤਾ ਅਤੇ ਸੈਮੀਨਫਾਈਨਲ ਵਿੱਚ ਪ੍ਰਵੇਸ਼ ਕੀਤਾ। ਇਸ ਵਿਸ਼ਵ ਕੱਪ ਦੇ ਬਾਅਦ ਇੱਕ ਦੁਖਦ ਘਟਨਾ ਘਟੀ ਜਦੋਂ ਕੋਲੰਬੀਆ ਦੇ ਆਂਦ੍ਰੇਸ ਐਸਕੋਬਾਰ ਦੀ ਦੇਸ਼ ਲੁੱਟਣ 'ਤੇ ਹੱਤਿਆ ਕਰ ਦਿੱਤੀ ਗਈ। ਐਸਕੋਬਾਰ ਅਮਰੀਕਾ ਦੇ ਖਿਲਾਫ਼ ਗਰੁੱਪ ਮੈਚ ਵਿੱਚ ਆਤਮਘਾਤੀ ਗੋਲ ਕਰ ਬੈਠੇ ਸੀ ਜਿਸ ਦੀ ਵਜ੍ਹਾ ਨਾਲ ਉਨ੍ਹਾਂ ਦੀ ਟੀਮ ਨੂੰ ਟੂਰਨਾਮੈਂਟ ਤੋਂ ਬਾਹਰ ਹੋਣਾ ਪਿਆ। ਇਸ ਘਟਨਾ ਤੋਂ ਨਾਰਾਜ਼ ਇੱਕ ਖੇਡ ਪ੍ਰੇਮੀ ਨੇ ਐਸਕੋਬਾਰ ਦੀ ਹੱਤਿਆ ਕਰ ਦਿੱਤੀ।

## 1998: ਫਰਾਂਸ ਨੂੰ ਮਿਲੀ ਕਾਮਯਾਬੀ

ਵਿਸ਼ਵ ਕੱਪ ਦੇ ਸੋਹਲਵੇਂ ਸੰਸਕਰਨ ਦਾ ਆਯੋਜਨ ਫਰਾਂਸ ਵਿੱਚ ਹੋਇਆ। ਮੇਜ਼ਬਾਨ ਫਰਾਂਸ ਨੇ ਬ੍ਰਾਜੀਲ ਨੂੰ 3-0 ਨਾਲ ਹਰਾ ਕੇ ਪਹਿਲੀ ਵਾਰ ਖਿਤਾਬ ਜਿੱਤਣ ਵਿੱਚ ਸਫ਼ਲਤਾ ਹਾਸਲ ਕੀਤੀ। ਉਹ ਖਿਤਾਬ ਜਿੱਤਣ ਵਾਲਾ ਸੱਤਵਾਂ ਦੇਸ਼ ਬਣਿਆ। 1978 ਵਿੱਚ ਅਰਜਨਟੀਨਾ ਤੋਂ ਬਾਅਦ ਕਿਸੇ ਮੇਜ਼ਬਾਨ ਦੇਸ਼ ਨੇ ਪਹਿਲੀ ਵਾਰ ਖਿਤਾਬ ਜਿੱਤਿਆ। ਫਰਾਂਸ ਦੀ ਜਿੱਤ ਦੇ ਹੀਰੋ ਜਿਨੇਦਿਨ ਜਿਦਾਨ ਰਹੇ ਜਿਨ੍ਹਾਂ ਨੇ ਫਾਈਨਲ ਵਿੱਚ ਬ੍ਰਾਜੀਲ ਦੇ ਖਿਲਾਫ਼ ਗੋਲ ਕੀਤਾ। ਕ੍ਰੋਏਸ਼ੀਆ ਨੇ ਨੀਦਰਲੈਂਡ ਨੂੰ ਹਰਾ ਕੇ ਤੀਸਰਾ ਸਥਾਨ ਹਾਸਲ ਕੀਤਾ। ਕੁੱਲ 64 ਮੈਚਾਂ ਵਿੱਚ 171 ਗੋਲ ਹੋਏ। ਕ੍ਰੋਏਸ਼ੀਆ ਦੇ ਡੇਵੋਰ ਸੁਕਰ ਨੂੰ ਛੇ ਗੋਲ ਕਰਨ 'ਤੇ ਗੋਲਡਨ ਸ਼ੂ ਦਾ ਐਵਾਰਡ ਮਿਲਿਆ।

## 2002: ਬ੍ਰਾਜੀਲ ਨੂੰ ਪੰਜਵਾਂ ਖਿਤਾਬ

ਪਹਿਲੀ ਵਾਰ ਏਸ਼ੀਆ ਵਿੱਚ ਆਯੋਜਨ ਹੋਇਆ। ਉਹ ਵੀ ਪਹਿਲੀ ਵਾਰ ਹੋਇਆ ਕਿ ਦੋ ਦੇਸ਼ਾਂ ਨੂੰ ਸੰਯੁਕਤ ਰੂਪ ਵਿੱਚ ਮੇਜ਼ਬਾਨੀ ਮਿਲੀ। ਗੋਲਡਨ ਬਾਲ ਦਾ ਨਿਯਮ ਲਾਗੂ ਹੋਇਆ। ਬ੍ਰਾਜੀਲ ਨੇ ਜਰਮਨੀ ਨੂੰ 2-0 ਨਾਲ ਹਰਾ ਕੇ ਰਿਕਾਰਡ ਪੰਜਵੀਂ ਵਾਰ ਖਿਤਾਬ ਜਿੱਤਿਆ। ਦੋਨੋ ਗੋਲ ਰੋਨਾਲਡੋ ਨੇ ਕੀਤੇ। ਤੁਰਕੀ ਨੇ ਕੋਰੀਆ ਨੂੰ ਹਰਾ ਕੇ ਤੀਸਰਾ ਸਥਾਨ ਹਾਸਲ ਕੀਤਾ। ਕੋਰੀਆ ਦੀ ਟੀਮ ਨੇ ਆਪਣਾ ਵਧੀਆ ਪ੍ਰਦਰਸ਼ਨ ਕਰਦੇ ਹੋਏ ਪਹਿਲੀ ਵਾਰ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ ਜਿੱਥੇ ਜਰਮਨੀ ਨੇ ਇੱਕ ਗੋਲ ਤੋਂ ਹਰਾ ਕੇ ਉਸ ਨੂੰ ਫਾਈਨਲ ਵਿੱਚ ਪ੍ਰਵੇਸ਼ ਕਰਨ ਤੋਂ ਰੋਕਿਆ ਸੀ



## 2006: ਇਟਲੀ ਬਣਿਆ ਚੈਂਪੀਅਨ

ਇਟਲੀ ਨੇ ਫਾਈਨਲ ਵਿੱਚ ਫਰਾਂਸ ਨੂੰ ਪੈਨਲਟੀ ਸ਼ੂਟਆਊਟ ਵਿੱਚ 5-3 ਨਾਲ ਹਰਾ ਕੇ ਚੌਥੀ ਵਾਰ ਖਿਤਾਬ ਜਿੱਤਿਆ। ਪੈਨਲਟੀ ਸ਼ੂਟਆੂਟ ਵਿੱਚ ਫਰਾਂਸ ਨੇ ਡੇਵਿਡ ਟ੍ਰੇਜਗਇਟ ਦਾ ਸ਼ਾਟ ਕ੍ਰਾਸਵਾਰ ਤੋਂ ਟਕਰਾ ਕੇ ਰਹਿ ਗਿਆ ਸੀ। ਖਿਤਾਬੀ ਮੁਕਾਬਲੇ ਵਿੱਚ ਫਰਾਂਸ ਦੇ ਸਟਾਰ ਜਿਨੇਡਿਨ ਜਿਡਾਨ ਦਾ ਇਟਲੀ ਦੇ ਮਾਰਕੋ ਮੈਟਰਾਜੀ ਦੀ ਛਾਤੀ 'ਤੇ ਵਾਰ ਕਰਨਾ ਅਤੇ ਫਿਰ ਉਨ੍ਹਾਂ ਦਾ ਰਿਕਾਰਡ ਦੇਖ ਕੇ ਬਾਹਰ ਹੋ ਜਾਣਾ ਵੀ ਸੁਰਖੀਆਂ ਵਿੱਚ ਛਾਇਆ ਰਿਹਾ। ਇਸ ਨੂੰ ਜਿਦਾਨ ਦੇ ਵੈਡਬਟ ਨੇ ਰੂਪ ਵਿੱਚ ਜਾਣਿਆ ਗਿਆ। ਤਿੰਨ ਵਾਰ ਦੇ ਫੀਫਾ ਖਿਡਾਰੀ ਨੂੰ ਆਪਣੇ ਅੰਤਿਮ ਵਿਸ਼ਵ ਕੱਪ ਫਾਈਨਲ ਵਿੱਚ ਇਸ ਤਰ੍ਹਾਂ ਵਿਦਾ ਹੋਣਾ ਪਿਆ। ਹਾਂਲਾਂਕਿ ਟੂਰਨਾਮੈਂਟ ਦੇ ਵਧੀਆ ਖਿਡਾਰੀ ਦਾ ਪੁਰਸਕਾਰ ਉਨ੍ਹਾਂ ਨੂੰ ਮਿਲਿਆ। ਜਰਮਨੀ ਦੇ ਮਿਰਾਸਲੋਬ ਕਲੋਜ ਨੇ ਸਭ ਤੋਂ ਵੱਧ ਪੰਜ ਗੋਲ ਕੀਤੇ। ਇਟਲੀ ਟੀਮ ਆਪਣੇ ਜ਼ੋਰਦਾਰ ਟੀਮ ਯਨਤ ਨਾਲ ਜਿੱਤੀ। ਇਸ ਖਿਤਾਬੀ ਜਿੱਤ ਦੇ ਨਾਲ ਇਟਲੀ ਦੀ ਟੀਮ ਨੂੰ ਵਿਸ਼ਵ ਰੈਂਕਿੰਗ ਵਿੱਚ ਪਹਿਲਾ ਸਥਾਨ ਵੀ ਮਿਲ ਗਿਆ ਸੀ।





**ਗਰੁੱਪ-ਏ**

| ਤਰੀਕ | ਸਮਾਂ | ਮੈਚ |
|---|---|---|
| 11 ਜੂਨ | ਸ਼ਾਮ 7.30 ਵਜੇ | ਦੱਖਣ ਅਫ਼ਰੀਕਾ ਬਨਾਮ ਮੈਕਸੀਕੋ |
| 12 ਜੂਨ | ਰਾਤ 12 ਵਜੇ | ਉਰਗਵੇ ਬਨਾਮ ਫਰਾਂਸ |
| 17 ਜੂਨ | ਰਾਤ 12 ਵਜੇ | ਦੱਖਣ ਅਫਰੀਕਾ ਬਨਾਮ ਉਰਗਵੇ |
| 18 ਜੂਨ | ਰਾਤ 12 ਵਜੇ | ਫਰਾਂਸ ਬਨਾਮ ਮੈਕਸੀਕੋ |
| 22 ਜੂਨ | ਸ਼ਾਮ 7.30 ਵਜੇ | ਮੈਕਸੀਕੋ ਬਨਾਮ ਉਰਗਵੇ |
| 22 ਜੂਨ | ਸ਼ਾਮ 7.30 ਵਜੇ | ਫਰਾਂਸ ਬਨਾਮ ਦੱਖਣ ਅਫ਼ਰੀਕਾ |

**ਗਰੁੱਪ-ਸੀ**

| ਤਰੀਕ | ਸਮਾਂ | ਮੈਚ |
|---|---|---|
| 13 ਜੂਨ | ਰਾਤ 12 ਵਜੇ | ਇੰਗਲੈਂਡ ਬਨਾਮ ਅਮਰੀਕਾ |
| 13 ਜੂਨ | ਸ਼ਾਮ 5 ਵਜੇ | ਅਰਜਨਟੀਨਾ ਬਨਾਮ ਸਲੋਵੇਨਿਆ |
| 18 ਜੂਨ | ਸ਼ਾਮ 7.30 ਵਜੇ | ਸਲੋਵੇਨਿਆ ਬਨਾਮ ਅਮਰੀਕਾ |
| 19 ਜੂਨ | ਰਾਤ 12 ਵਜੇ | ਇੰਗਲੈਂਡ ਬਨਾਮ ਅਲਜੀਰਿਆ |
| 23 ਜੂਨ | ਸ਼ਾਮ 7.30 ਵਜੇ | ਸਲੋਵੇਨਿਆ ਬਨਾਮ ਇੰਗਲੈਂਡ |
| 23 ਜੂਨ | ਸ਼ਾਮ 7.30 ਵਜੇ | ਅਮਰੀਕਾ ਬਨਾਮ ਅਲਜੀਰਿਆ |



**ਗਰੁੱਪ-ਈ**

| ਤਰੀਕ | ਸਮਾਂ | ਮੈਚ |
|---|---|---|
| 14 ਜੂਨ | ਸ਼ਾਮ 5 ਵਜੇ | ਨੀਦਰਲੈਂਡ ਬਨਾਮ ਡੈਨਮਾਰਕ |
| 14 ਜੂਨ | ਸ਼ਾਮ 7.30 ਵਜੇ | ਜਾਪਾਨ ਬਨਾਮ ਕੈਮਰੂਨ |
| 19 ਜੂਨ | ਸ਼ਾਮ 5 ਵਜੇ | ਨੀਦਰਲੈਂਡ ਬਨਾਮ ਜਾਪਾਨ |
| 20 ਜੂਨ | ਰਾਤ 12 ਵਜੇ | ਕੈਮਰੂਨ ਬਨਾਮ ਡੈਨਮਾਰਕ |
| 25 ਜੂਨ | ਰਾਤ 12 ਵਜੇ | ਡੈਨਮਾਰਕ ਬਨਾਮ ਜਾਪਾਨ |
| 25 ਜੂਨ | ਰਾਤ 12 ਵਜੇ | ਕੈਮਰੂਨ ਬਨਾਮ ਨੀਦਰਲੈਂਡ |



**ਗਰੁੱਪ-ਬੀ**

| ਤਰੀਕ | ਸਮਾਂ | ਮੈਚ |
|---|---|---|
| 12 ਜੂਨ | ਸ਼ਾਮ 7.30 ਵਜੇ | ਅਰਜਨਟੀਨਾ ਬਨਾਮ ਨਾਈਜੀਰੀਆ |
| 12 ਜੂਨ | ਸ਼ਾਮ 5 ਵਜੇ | ਦੱਖਣ ਕੋਰੀਆ ਬਨਾਮ ਗਰੀਸ |
| 17 ਜੂਨ | ਸ਼ਾਮ 7.30 ਵਜੇ | ਗਰੀਸ ਬਨਾਮ ਨਾਈਜੀਰੀਆ |
| 17 ਜੂਨ | ਸ਼ਾਮ 5 ਵਜੇ | ਅਰਜਨਟੀਨਾ ਬਨਾਮ ਦੱਖਣ ਕੋਰੀਆ |
| 23 ਜੂਨ | ਰਾਤ 12 ਵਜੇ | ਨਾਈਜੀਰੀਆ ਬਨਾਮ ਦੱਖਣ ਕੋਰੀਆ |
| 23 ਜੂਨ | ਰਾਤ 12 ਵਜੇ | ਗਰੀਸ ਬਨਾਮ ਅਰਜਨਟੀਨਾ |



**ਗਰੁੱਪ-ਡੀ**

| ਤਰੀਕ | ਸਮਾਂ | ਮੈਚ |
|---|---|---|
| 14 ਜੂਨ | ਰਾਤ 12 ਵਜੇ | ਜਰਮਨੀ ਬਨਾਮ ਆਸਟਰੇਲੀਆ |
| 13 ਜੂਨ | ਸ਼ਾਮ 7.30 ਵਜੇ | ਸਰਬੀਆ ਬਨਾਮ ਘਾਨਾ |
| 18 ਜੂਨ | ਸ਼ਾਮ 5 ਵਜੇ | ਜਰਮਨੀ ਬਨਾਮ ਸਰਬੀਆ |
| 19 ਜੂਨ | ਸ਼ਾਮ 7.30 ਵਜੇ | ਘਾਨਾ ਬਨਾਮ ਜਰਮਨੀ |
| 24 ਜੂਨ | ਰਾਤ 12 ਵਜੇ | ਘਾਨਾ ਬਨਾਮ ਜਰਮਨੀ |
| 24 ਜੂਨ | ਰਾਤ 12 ਵਜੇ | ਆਸਟਰੇਲੀਆ ਬਨਾਮ ਸਰਬੀਆ |

**ਗਰੁੱਪ-ਐਫ**

| ਤਰੀਕ | ਸਮਾਂ | ਮੈਚ |
|---|---|---|
| 15 ਜੂਨ | ਰਾਤ 12 ਵਜੇ | ਇਟਲੀ ਬਨਾਮ ਪੈਰਾਗਵੇ |
| 15 ਜੂਨ | ਸ਼ਾਮ 5 ਵਜੇ | ਨਿਊਜ਼ੀਲੈਂਡ ਬਨਾਮ ਸਲੋਵਾਕਿਆ |
| 20 ਜੂਨ | ਸ਼ਾਮ 5 ਵਜੇ | ਸਲੋਵਾਕਿਆ ਬਨਾਮ ਪੈਰਾਗਵੇ |
| 20 ਜੂਨ | ਸ਼ਾਮ 7.30 ਵਜੇ | ਇਟਲੀ ਬਨਾਮ ਨਿਊਜ਼ੀਲੈਂਡ |
| 24 ਜੂਨ | ਸ਼ਾਮ 7.30 ਵਜੇ | ਸਲੋਵਾਕਿਆ ਬਨਾਮ ਇਟਲੀ |
| 24 ਜੂਨ | ਸ਼ਾਮ 7.30 ਵਜੇ | ਪੈਰਾਗਵੇ ਬਨਾਮ ਨਿਊਜ਼ੀਲੈਂਡ |

**ਗਰੁੱਪ-ਜੀ**

| ਤਰੀਕ | ਸਮਾਂ | ਮੈਚ |
|---|---|---|
| 15 ਜੂਨ | ਸ਼ਾਮ 7.30 ਵਜੇ | ਕੋਟ ਦੀ ਆਈਵਰ ਬਨਾਮ ਪੁਰਤਗਾਲ |
| 16 ਜੂਨ | ਰਾਤ 12 ਵਜੇ | ਬ੍ਰਾਜੀਲ ਬਨਾਮ ਉੱਤਰ ਕੋਰੀਆ |
| 21 ਜੂਨ | ਰਾਤ 12 ਵਜੇ | ਬ੍ਰਾਜੀਲ ਬਨਾਮ ਕੋਟ ਦੀ ਆਈਵਰ |
| 21 ਜੂਨ | ਸ਼ਾਮ 5 ਵਜੇ | ਪੁਰਤਗਾਲ ਬਨਾਮ ਉੱਤਰ ਕੋਰੀਆ |
| 25 ਜੂਨ | ਸ਼ਾਮ 7.30 ਵਜੇ | ਪੁਰਤਗਾਲ ਬਨਾਮ ਬ੍ਰਾਜੀਲ |
| 25 ਜੂਨ | ਸ਼ਾਮ 7.30 ਵਜੇ | ਉੱਤਰ ਕੋਰੀਆ ਬਨਾਮ ਕੋਟ ਡੀ ਆਈਵਰ |

**ਗਰੁੱਪ-ਐੱਚ**

| ਤਰੀਕ | ਸਮਾਂ | ਮੈਚ |
|---|---|---|
| 16 ਜੂਨ | ਸ਼ਾਮ 5 ਵਜੇ | ਹੋਂਡਰਸ ਬਨਾਮ ਚਿਲੀ |
| 16 ਜੂਨ | ਸ਼ਾਮ 7.30 ਵਜੇ | ਸਪੇਨ ਬਨਾਮ ਸਵਿਟਜ਼ਰਲੈਂਡ |
| 21 ਜੂਨ | ਸ਼ਾਮ 7.30 ਵਜੇ | ਚਿਲੀ ਬਨਾਮ ਸਵਿਟਜ਼ਰਲੈਂਡ |
| 22 ਜੂਨ | ਰਾਤ 12 ਵਜੇ | ਸਪੇਨ ਬਨਾਮ ਹੋਂਡਰਸ |
| 26 ਜੂਨ | ਰਾਤ 12 ਵਜੇ | ਚਿਲੀ ਬਨਾਮ ਸਪੇਨ |
| 26 ਜੂਨ | ਰਾਤ 12 ਵਜੇ | ਸਵਿਟਜ਼ਰਲੈਂਡ ਬਨਾਮ ਹੋਂਡਰਸ |

